# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ- ਸਟੇਟ ਪ੍ਰਾਜੈਕਟ ਡਾਇਰੈਕਟਰ
## ਸਮੱਗਰ ਸਿੱਖਿਆ ਅਭਿਆਨ (ਪੰਜਾਬ)

ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062

ਵੱਲ

**ਸਮੂਹ ਜ਼ਿਲਾ ਸਿੱਖਿਆ ਅਫਸਰ (ਐ.ਸਿ ਅਤੇ ਸੈ.ਸਿ.)**
ਅੰਮ੍ਰਿਤਸਰ, ਬਰਨਾਲਾ, ਬਠਿੰਡਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮਾਨਸਾ, ਮੋਗਾ, ਐਸ.ਏ.ਐਸ. ਨਗਰ, ਸੰਗਰੂਰ, ਸ੍ਰੀ ਮੁਕਤਸਰ ਸਾਹਿਬ।

ਮੀਮੋ ਨੰ: ਐਨ.ਐਸ.ਕਿਉ.ਐਫ/2021/73321 ਮਿਤੀ, 26-02-21

ਵਿਸ਼ਾ:-ਸਾਲ 2020-21 ਵਿੱਚ **NSQF** ਅਧੀਨ 379 ਸਕੂਲਾਂ ਵਿੱਚ **Lab setup** ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 379 ਸਕੂਲਾਂ ਲਈ ਕੁੱਲ 23,65,50,000/- ਰੁਪਏ ਦੀ ਰਾਸ਼ੀ ਰੀਲੀਜ਼ ਕੀਤੀ ਜਾ ਚੁੱਕੀ ਹੈ।ਜਿਹਨਾਂ 379 ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਇਹ ਗ੍ਰਾਂਟ ਭੇਜੀ ਗਈ ਹੈ, ਉਹਨਾਂ ਸਕੂਲਾਂ ਵਿੱਚ ਹੇਠ ਦਰਜ ਟ੍ਰੇਡਾਂ ਚਲਾਈਆਂ ਜਾ ਰਹੀਆਂ ਹਨ ਜੋ ਕਿ ਅਪੈਰਲ, ਸਕਿਓਰਿਟੀ, ਰਿਟੇਲ, ਕੰਨਸਟਰਕਸ਼ਨ, ਆਈ.ਟੀ, ਬਿਊਟੀ ਐਂਡ ਵੈਲਨੈਸ, ਫਿਜ਼ੀਕਲ ਐਜੂਕੇਸ਼ਨ, ਹੈਲਥ ਕੇਲਰ, ਟਰੈਵਲ ਐਂਡ ਟੂਰਿਜ਼ਮ ਹਨ।

3.0 ਭਾਰਤ ਸਰਕਾਰ ਵੱਲੋਂ ਪ੍ਰਵਾਨਿਤ ਸਕੂਲਾਂ ਵਿੱਚ ਉਕਤ ਟਰੇਡਾਂ ਦੇ ਪ੍ਰੈਕਟੀਕਲ ਲਈ Lab Set up ਕਰਨ ਲਈ ਫੰਡਜ਼ ਮਨਜ਼ੂਰ ਕੀਤੇ ਗਏ ਹਨ। Tools & Equipments ਦੀ ਖਰੀਦ SMC ਵੱਲੋਂ ਕੀਤੀ ਜਾਣੀ ਹੈ ਜਿਸ ਵਿੱਚ ਇੱਕ ਕਮੇਟੀ ਬਣਾ ਕੇ ਵਿੱਤੀ ਨਿਯਮਾਂ ਅਨੁਸਾਰ ਖਰਚਾ ਕੀਤਾ ਜਾਣਾ ਹੈ।

4.0 SMC ਪੱਧਰ ਤੇ ਇੱਕ 6 ਮੈਂਬਰੀ ਖਰੀਦ (Purchase) ਕਮੇਟੀ ਦਾ ਗਠਨ ਕੀਤਾ ਜਾਵੇਗਾ ਜਿਸ ਵਿੱਚ ਸਕੂਲ ਮੁਖੀ, ਚੇਅਰਮੈਨ SMC, ਦੋ ਮੈਂਬਰ SMC (1 Female member) ਸਬੰਧਤ ਵੋਕੇਸ਼ਨਲ ਟ੍ਰੇਨਰ ਅਤੇ ਇੱਕ ਹੋਰ ਸੀਨੀਅਰ ਅਧਿਆਪਕ ਮੈਂਬਰ ਹੋਣਗੇ।

5.0 ਇਹ ਕਮੇਟੀ ਸਮਾਨ ਦੀ ਖਰੀਦ ਲਈ Manual of Financial Management & Procurement (FMP) for Scheme of Samagra ਦੇ Chapter No. 7 ਅਨੁਸਾਰ ਕਾਰਵਾਈ ਕਰਕੇ ਸਮਾਨ ਖਰੀਦੇਗੀ। ਇਸ ਚੈਪਟਰ ਦੀ ਕਾਪੀ ਅਨੁਲੱਗ ੳ ਤੇ ਨਾਲ ਨੱਥੀ ਹੈ ਜੀ।

6.0 SMC ਵੱਲੋਂ ਬਣਾਈ ਗਈ ਖਰੀਦ ਕਮੇਟੀ ਵੱਲੋਂ, ਸਮਾਨ ਦੀ ਖਰੀਦ ਉਕਤ ਵਿੱਤੀ ਨਿਯਮਾਂ ਅਨੁਸਾਰ ਹੀ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਤੋਂ ਸਬੰਧਤ DEO(SE) ਨੂੰ ਵੀ ਸੂਚਿਤ ਕੀਤਾ ਜਾਵੇ। ਇਹ ਸਮਾਨ Specifications ਅਨੁਸਾਰ ਹੀ ਖਰੀਦਿਆ ਜਾਵੇ।ਮੁੱਖ ਦਫਤਰ ਵੱਲੋਂ VTs ਦੀ ਗਠਿਤ ਕਮੇਟੀ ਵੱਲੋਂ ਤਿਆਰ ਕੀਤੀ ਗਈ specifications ਦੀ ਲਿਸਟ ਅਨੁਲੱਗ ਅ ਵੱਜੋਂ ਨਾਲ ਨੱਥੀ ਹੈ ਅਤੇ ਆਪ ਨੂੰ e-mail ਕੀਤੀ ਜਾ ਰਹੀ ਹੈ।

7.0 SMC ਵੱਲੋਂ ਸਮਾਨ ਦੀ ਖਰੀਦ ਲਈ, ਸਮਾਨ ਸਪਲਾਈ ਕਰਨ ਤੋਂ ਬਾਅਦ ਹੀ Cheque/RTGS ਰਾਹੀਂ ਪੇਮੈਂਟ ਕੀਤੀ ਜਾਵੇ, ਕਿਸੇ ਵੀ ਹਾਲਤ ਵਿੱਚ ਐਡਵਾਂਸ ਪੇਮੈਂਟ ਨਾ ਕੀਤੀ ਜਾਵੇ। ਇਸ ਸਾਰੇ ਰਿਕਾਰਡ ਨੂੰ ਮੇਨਟੇਨ ਕਰਨ ਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

8.0 ਉਕਤ ਸਮਾਨ ਸਹੀ ਰੇਟ ਤੇ ਅਤੇ ਵਧੀਆ quality ਦਾ ਖਰੀਦਿਆ ਜਾਵੇ ਅਤੇ ਖਰੀਦ ਕੀਤੇ ਜਾ ਰਹੇ ਸਮਾਨ/ਫਰਨੀਚਰ, ਆਦਿ ਦੀ specifications ਅਨੁਸਾਰ ਪਹਿਲਾਂ sample checking ਕੀਤੀ ਜਾਵੇ ਅਤੇ ਇਸ ਤੋਂ ਬਾਅਦ ਹੀ specifications ਅਨੁਸਾਰ ਸਮਾਨ ਦੀ ਖਰੀਦ ਕੀਤੀ ਜਾਵੇ।

9.0 ਖਰੀਦੇ ਗਏ ਸਮਾਨ ਦੀ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਚੈਕਿੰਗ ਕੀਤੀ ਜਾਵੇਗੀ ਅਤੇ ਮੁੱਖ ਦਫਤਰ ਦੇ ਕਿਸੇ ਵੀ ਅਧਿਕਾਰੀ ਵੱਲੋਂ ਇਸ ਸਮਾਨ ਦੀ ਚੈਕਿੰਗ ਕੀਤੀ ਜਾ ਸਕਦੀ ਹੈ। ਘਟੀਆ ਮਿਆਰ ਦਾ ਸਮਾਨ ਖਰੀਦੇ ਜਾਣ ਤੇ ਜਾਂ specifications ਅਨੁਸਾਰ ਸਮਾਨ ਨਾ ਖਰੀਦੇ ਜਾਣ ਤੇ ਸਬੰਧਤ ਸਕੂਲ ਮੁਖੀ ਦੇ ਖਿਲਾਫ ਵਿਭਾਗੀ ਨਿਯਮਾਂ ਅਨੁਸਾਰ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

10.0 ਸਾਰਾ ਸਮਾਨ ਸਕੂਲ ਪੱਧਰ ਤੇ ਬਣੀ SMC ਵੱਲੋਂ ਹੀ ਖਰੀਦਿਆ ਜਾਵੇ ਅਤੇ ਨਿਯਮਾਂ ਦਾ ਪੂਰਾ ਧਿਆਨ ਰੱਖਿਆ ਜਾਵੇ।ਸਮਾਨ ਦੀ ਖਰੀਦ ਵਿੱਚ quality ਨਾਲ ਸਮਝੌਤਾ ਨਾ ਕੀਤਾ ਜਾਵੇ ਅਤੇ ਉੱਚ ਮਿਆਰ ਵਾਲੀਆਂ ਆਈਟਮਾਂ ਹੀ ਖਰੀਦੀਆਂ ਜਾਣ ਅਤੇ ਵਰੰਟੀ/ਗਰੰਟੀ ਵੀ ਲਈ ਜਾਵੇ।

11.0 ਜੇਕਰ ਸਮਾਨ ਦੀ ਖਰੀਦ ਉਪਰੰਤ ਕੋਈ ਰਾਸ਼ੀ ਅਣਵਰਤੀ ਰਹਿ ਜਾਂਦੀ ਹੈ ਤਾਂ ਉਹ ਰਾਸ਼ੀ ਕਿਸੇ ਹੋਰ ਕੰਮ ਤੇ ਖਰਚ ਨਾ ਕੀਤੀ ਜਾਵੇ।

12.0 ਇਸ ਸਮਾਨ ਨਾਲ Lab setup ਕਰਨ ਲਈ ਸਕੂਲ ਵਿੱਚ ਮੌਜੂਦ ਕਿਸੇ ਇੱਕ ਕਮਰੇ ਨੂੰ Vocational Lab ਦੇ ਤੌਰ ਤੇ ਸਥਾਪਿਤ ਕੀਤਾ ਜਾਵੇ ਅਤੇ ਕਮਰੇ ਦੇ ਬਾਹਰ Vocational Lab (NSQF) ਲਿਖਿਆ ਜਾਵੇ।

13.0 ਜਿਨ੍ਹਾਂ 9 ਟਰੇਡਾਂ ਦੇ ਸਮਾਨ ਦੀ ਖਰੀਦ ਕੀਤੀ ਜਾਣੀ ਹੈ, ਉਹਨਾ ਦੀ Trade wise Unit Cost ਹੇਠ ਦਿੱਤੇ ਟੇਬਲ ਅਨੁਸਾਰ ਹੈ :-

| ਲੜੀ ਨੰ | ਟਰੇਡ ਦਾ ਨਾਮ | ਟਰੇਡ ਵਾਇਜ਼ ਜਾਰੀ ਕੀਤੀ ਗਈ ਰਾਸ਼ੀ (ਲੱਖਾਂ ਵਿੱਚ) |
|---|---|---|
| 1 | ਅਪੈਰਲ | 2.50 |
| 2 | ਕੰਨਸਟਰਕਸ਼ਨ | 2.50 |
| 3 | ਬਿਊਟੀ ਐਂਡ ਵੈਲਨੈੱਸ | 3.00 |
| 4 | ਆਈ.ਟੀ/ਆਈ.ਟੀ.ਈ.ਐਸ | 3.00 |
| 5 | ਫਿਜੀਕਲ ਐਜੂਕੇਸ਼ਨ | 2.00 |
| 6 | ਰਿਟੇਲ | 2.00 |
| 7 | ਸਕਿਓਰਿਟੀ | 2.25 |
| 8 | ਹੈਲਥ ਕੇਅਰ | 5.00 |
| 9 | ਟਰੈਵਲ ਐਂਡ ਟੂਰਿਜ਼ਮ | 2.00 |

ਉਪਰੋਕਤ Unit Cost ਦੇ ਅਨੁਸਾਰ ਜ਼ਿਲ੍ਹਾ ਵਾਈਜ਼ ਬਜਟ ਅਨੁਲਗ-ੲ ਤੇ ਹੈ।

14.0 ਅਨੁਲੱਗ-ਅ ਵਿੱਚ ਦਰਜ IT Trade ਦੇ ਸਮਾਨ ਅਤੇ ਕਾਮਨ ਖਰੀਦੇ ਜਾਣ ਵਾਲੇ ਸਮਾਨ ਵਿੱਚ ਜਿਹਨਾਂ ਸਕੂਲਾਂ ਵੱਲੋਂ computer ਦੀ ਖਰੀਦ ਕੀਤੀ ਜਾਣੀ ਹੈ, ਉਸ ਦੀ AMC ਅਤੇ Insurance ਵੀ ਕਰਵਾਈ ਜਾਣੀ ਯਕੀਨੀ ਬਣਾਈ ਜਾਵੇ।

15.0 ਇਸਦੇ ਨਾਲ ਹੀ ਸਾਰੇ non It Trade ਸਕੂਲਾਂ ਵਿੱਚ Common Items ਖਰੀਦ ਲਈਆਂ ਜਾਣ। ਕਿਉਂਜੋ ਬਾਕੀ ਸਾਰੀਆਂ ਟਰੇਡਾਂ ਲਈ Common items ਦੀ ਲਿਸਟ ਅਲੱਗ ਹੈ। ਜਿਹਨਾਂ ਸਕੂਲਾਂ ਵਿੱਚ IT/ITes Trade ਚੱਲ ਰਹੀ ਹੈ ਉਹਨਾਂ ਸਕੂਲਾਂ ਲਈ Common Items ਦੀ List ਅਲੱਗ ਹੈ। ਕਿਰਪਾ ਕਰਕੇ ਅਪਣੀ ਟਰੇਡ ਨੂੰ ਧਿਆਨ ਵਿੱਚ ਰੱਖਦੇ ਹੋਏ Common Items ਲਈਆਂ ਜਾਣ।

16.0 ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਨੁਲਗ-ੲ ਅਨੁਸਾਰ ਜਾਰੀ ਕੀਤੀ ਗਈ ਰਾਸ਼ੀ ਜ਼ਿਲ੍ਹਾ/ਸਕੂਲ ਵਿਖੇ ਪ੍ਰਾਪਤ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਹਰ ਹਾਲ ਵਿੱਚ ਲੈਬ ਸੈਟ ਅਪ ਕਰ ਲਈ ਜਾਵੇ। ਇਸ ਦਾ ਵਰਤੋਂ ਸਰਟੀਫਿਕੇਟ ਗ੍ਰਾਂਟ ਖਰਚ ਕਰਨ ਉਪਰੰਤ ਹਰ ਹਾਲਤ ਵਿੱਚ ਮੁੱਖ ਦਫਤਰ ਵਿਖੇ ਮਿਤੀ 22/03/2021 ਤੱਕ ਜਮਾਂ ਕਰਵਾਇਆ ਜਾਵੇ। ਇਸ ਲਈ ਮੁੱਖ ਦਫਤਰ ਵੱਲੋਂ ਵੀ ਨਿਰੀਖਣ ਕੀਤਾ ਜਾਵੇਗਾ ਅਤੇ ਇਸ ਦਾ ਅੰਦਰੂਨੀ ਆਡਿਟ ਵੀ ਕੀਤਾ ਜਾਵੇਗਾ। ਕਿਸੇ ਵੀ ਕਿਸਮ ਦੀ ਊਣਤਾਈ ਸਾਹਮਣੇ ਆਉਣ ਤੇ ਸੰਬੰਧਤ ਸਕੂਲ ਮੁੱਖੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨਿੱਜੀ ਤੌਰ ਤੇ ਜ਼ਿੰਮੇਵਾਰ ਹੋਣਗੇ।ਜੇਕਰ ਆਪ ਦੇ ਜਿਲ੍ਹੇ ਨੂੰ ਉਕਤ ਅਨੁਸਾਰ ਰਾਸ਼ੀ ਪ੍ਰਾਪਤ ਨਹੀਂ ਹੁੰਦੀ ਤਾਂ ਪੱਤਰ ਜਾਰੀ ਹੋਣ ਤੋਂ 2 ਦਿਨਾਂ ਦੇ ਅੰਦਰ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਫੋਨ ਤੇ ਰਾਬਤਾ ਕੀਤਾ ਜਾਵੇ।

17.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜ਼ਿਲ੍ਹਾ ਪੱਧਰ ਤੇ ਇਹਨ੍ਹਾਂ 379 ਸਕੂਲਾਂ ਦੀ ਮਾਨੀਟਰਿੰਗ ਕੀਤੀ ਜਾਵੇ।

18.0 NSDC ਦੀਆਂ ਹਦਾਇਤਾਂ ਅਨੁਸਾਰ ਜਿਸ ਸਕੂਲ ਵਿੱਚ ਲੈਬ ਸੈਟ-ਅਪ ਨਹੀਂ ਹੋਵੇਗੀ ਉਸ ਸਕੂਲ ਦੇ NSQF ਦੇ ਵਿਦਿਆਰਥੀਆਂ ਦੀ SSC ਵੱਲੋਂ ਪ੍ਰੈਕਟੀਕਲ assessment ਨਹੀਂ ਕੀਤੀ ਜਾਵੇਗੀ।ਅਜਿਹੀ ਸਥਿਤੀ ਵਿੱਚ ਨਿਰੋਲ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੀ ਹੋਵੇਗੀ।

19.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।